# ਪ੍ਰੋਜੈਕਟ ਦਾ ਸੰਖੇਪ ਸਾਰ

ਫਰਵਰੀ 2024

**ਬੀ ਸੀ ਬਿਲਡਜ਼ ਸਾਰੇ ਬੀ ਸੀ ਵਿੱਚ ਕੰਮ ਕਰਨ ਵਾਲੇ ਮਿਡਲ ਇਨਕਮ ਵਾਲੇ ਲੋਕਾਂ ਲਈ ਨਵੇਂ ਘਰਾਂ ਦੀ ਉਸਾਰੀ ਨੂੰ ਤੇਜ਼ ਕਰਨ ਲਈ ਬੀ ਸੀ ਹਾਊਸਿੰਗ ਵਲੋਂ ਚਲਾਇਆ ਜਾਂਦਾ ਪ੍ਰੋਗਰਾਮ ਹੈ।**

ਇਸ ਸਮੇਂ ਕਿਰਾਏ ਲਈ ਨਵੇਂ ਘਰਾਂ ਦੀ ਉਸਾਰੀ `ਤੇ ਮਹਿੰਗਾਈ, ਜ਼ਮੀਨ ਦੀ ਕੀਮਤ, ਉਸਾਰੀ ਦੇ ਖਰਚਿਆਂ ਅਤੇ ਵਿਆਜ਼ ਦੇ ਉੱਚੇ ਰੇਟ ਅਸਰ ਪਾ ਰਹੇ ਹਨ। ਇਸ ਨਾਲ ਕਿਰਾਏ ਲਈ ਨਵੇਂ ਘਰਾਂ ਲਈ ਪੈਸੇ ਦਾ ਪ੍ਰਬੰਧ ਕਰਨ ਅਤੇ ਉਹਨਾਂ ਨੂੰ ਉਸਾਰਨ ਲਈ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ।

ਬੀ ਸੀ ਬਿਲਡਜ਼ ਸਸਤੀ ਜ਼ਮੀਨ, ਵਿਆਜ਼ ਦੇ ਘੱਟ ਰੇਟਾਂ `ਤੇ ਕਰਜ਼ੇ ਅਤੇ ਗ੍ਰਾਂਟਾਂ ਦੀ ਵਰਤੋਂ ਕਰਦਾ ਹੈ ਅਤੇ ਉਸਾਰਨ ਦੇ ਖਿਆਲ ਤੋਂ ਲੈ ਕੇ ਉਸਾਰੀ (ਕਨਸੈਪਟ ਟੂ ਕੰਨਸਟ੍ਰਕਸ਼ਨ) ਤੱਕ ਲੱਗਣ ਵਾਲੇ ਸਮੇ ਨੂੰ ਘਟਾਉਣ ਲਈਂ ਪ੍ਰੋਜੈਕਟ ਮੁਕੰਮਲ ਕਰਨ ਲਈ ਲੱਗਣ ਵਾਲੇ ਸਮੇਂ ਵਿੱਚ ਤੇਜ਼ੀ ਲਿਆਉਂਦਾ ਹੈ।

ਬੀ ਸੀ ਬਿਲਡਜ਼ ਦਾ ਟੀਚਾ ਹੈ ਕਿ ਮੁਕੰਮਲ ਹੋਣ ਤੋਂ ਬਾਅਦ ਘਰਾਂ ਵਿੱਚ ਰਹਿਣ ਵਾਲੇ ਆਪਣੀ ਆਮਦਨ ਦੇ ਤਕਰੀਬਨ 30% ਹਿੱਸੇ ਤੋਂ ਜ਼ਿਆਦਾ ਹਿੱਸਾ ਕਿਰਾਏ `ਤੇ ਨਹੀਂ ਖਰਚਣਗੇ। ਇਸ ਦੇ ਨਾਲ ਹੀ ਨਾਨ-ਪਰਾਫਿਟਸ ਅਤੇ ਫਸਟ ਨੇਸ਼ਨਜ਼ ਦੀ ਭਾਈਵਾਲੀ ਵਾਲੇ ਪ੍ਰੋਜੈਕਟਾਂ ਵਿੱਚ ਘੱਟੋ ਘੱਟ 20% ਦੇ ਕਰੀਬ ਯੂਨਿਟਾਂ ਦਾ ਕਿਰਾਇਆ ਮਾਰਕੀਟ ਰੇਟ ਤੋਂ ਘੱਟੋ ਘੱਟ 20% ਘੱਟ ਹੋਵੇਗਾ।

ਬੀ ਸੀ ਬਿਲਡਜ਼ ਦਾ ਘਰਾਂ ਦੀ ਮਾਲਕੀ ਦਾ ਪ੍ਰੋਗਰਾਮ ਵਿਕਾਸ ਅਧੀਨ ਹੈ। ਪ੍ਰੋਗਰਾਮ ਬਾਰੇ ਹੋਰ ਵਿਸਥਾਰ ਨੇਪਰੇ ਚੜ੍ਹਨ ਬਾਅਦ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਉਪਲਬਧ ਹੋਵੇਗੀ।

## ਲੋਕਾਂ ਲਈ ਘਰ।

ਬੀ ਸੀ ਬਿਲਡਜ਼ ਬ੍ਰਿਟਿਸ਼ ਕੋਲੰਬੀਆਂ ਦੇ ਮਿਡਲ-ਇਨਕਮ ਵਾਲੇ ਲੋਕਾਂ - ਜਿਵੇਂ ਟੀਚਰਾਂ, ਨਰਸਾਂ, ਟ੍ਰਾਂਜ਼ਿਟ ਉਪਰੇਟਰਾਂ, ਕਨਸਟ੍ਰਕਸ਼ਨ ਵਰਕਰਾਂ, ਛੋਟੇ ਕਾਰੋਬਾਰਾਂ ਦੇ ਮਾਲਕਾਂ ਅਤੇ ਹੋਰ ਲੋਕਾਂ-ਦੀ ਅਜਿਹੇ ਘਰ ਲੱਭਣ ਵਿੱਚ ਮਦਦ ਕਰ ਰਿਹਾ ਹੈ, ਜਿਹੜੇ ਘਰ ਉਹਨਾਂ ਨੂੰ ਵਾਰਾਂ ਖਾਂਦੇ ਹੋਣ ਅਤੇ ਉਹਨਾਂ ਕਮਿਊਨਿਟੀਆਂ ਵਿੱਚ ਹੋਣ ਜਿਹਨਾਂ ਵਿੱਚ ਉਹ ਰਹਿੰਦੇ ਹਨ।

ਬੀ ਸੀ ਬਿਲਡਜ਼ ਅਜਿਹੇ ਘਰ ਤਿਆਰ ਕਰਨ ਲਈ ਬਣਾਇਆ ਗਿਆ ਹੈ, ਜਿਹੜੇ ਘਰ ਪਰਿਵਾਰਾਂ ਦੀਆਂ ਅੱਗੇ ਦਿੱਤੀਆਂ ਆਮਦਨਾਂ ਵਿੱਚ ਲਏ ਜਾ ਸਕਦੇ ਹੋਣ, ਜਿਵੇਂ 84,780 ਡਾਲਰ ਤੋਂ ਲੈ ਕੇ 1,31,950 ਡਾਲਰ ਵਿਚਲੀ ਆਮਦਨ ਵਾਲਿਆਂ ਲਈ ਇਕ ਸਟੂਡੀਓ ਜਾਂ ਇਕ ਬੈੱਡਰੂਮ ਦਾ ਘਰ ਜਾਂ 134,410 ਡਾਲਰ ਤੋਂ ਲੈ ਕੇ 191,910 ਡਾਲਰ ਵਿਚਲੀ ਆਮਦਨ ਵਾਲਿਆਂ ਲਈ ਦੋ ਬੈੱਡਰੂਮ ਦਾ ਜਾਂ ਵੱਡਾ ਘਰ। ਸਥਾਨਕ ਆਮਦਨਾਂ ਦਾ ਅਕਸ ਦਿਖਾਉਣ ਲਈ ਇਹ ਵੱਖ ਵੱਖ ਕਮਿਊਨਿਟੀਆਂ ਵਿੱਚ ਵੱਖ ਵੱਖ ਹੋਵੇਗਾ। ਆਮਦਨ ਦੀ ਰੇਂਜ ਦੀ ਉਪਰਲੀ ਹੱਦ ਸਿਰਫ ਜ਼ਿਆਦਾ ਆਮਦਨ ਵਾਲੀਆਂ ਕਮਿਊਨਿਟੀਆਂ ਵਿੱਚ 3-4 ਬੈੱਡਰੂਮ ਦੇ ਯੂਨਿਟਾਂ `ਤੇ ਲਾਗੂ ਹੋਵੇਗੀ। ਇਹਨਾਂ ਰੇਂਜਾਂ ਵਿੱਚ ਹੇਠਲੀ ਹੱਦ ਦੀ ਆਮਦਨ ਦੇ ਨੇੜੇ ਦੀ ਆਮਦਨ ਵਾਲੇ ਲੋਕਾਂ ਨੂੰ ਯੂਨਿਟ ਲੈਣ ਲਈ ਪਹਿਲ ਦਿੱਤੀ ਜਾਵੇਗੀ।

ਬੀ ਸੀ ਬਿਲਡਜ਼ ਦੇ ਘਰਾਂ ਦੇ ਕਿਰਾਇਆਂ ਦੇ ਰੇਟ ਆਮਦਨਾਂ ਦੇ ਵਿਸ਼ਲੇਸ਼ਣ, ਮਾਰਕੀਟ ਵਿਚਲੇ ਔਸਤ ਕਿਰਾਇਆਂ ਅਤੇ ਕਮਿਊਨਿਟੀ ਵਿਚਲੇ ਘਰ ਬਣਾਉਣ ਦੇ ਖਰਚਿਆਂ ਦੇ ਆਧਾਰ `ਤੇ ਨਿਰਧਾਰਿਤ ਕੀਤੇ ਜਾਣਗੇ। ਇਸ ਦਾ ਮਤਲਬ ਹੈ ਕਿ ਵੱਖ ਵੱਖ ਕਮਿਊਨਿਟੀਆਂ ਵਿੱਚ ਕਿਰਾਏ ਵੱਖ ਵੱਖ ਹੋਣਗੇ, ਟੀਚਾ ਇਹ ਹੋਵੇਗਾ ਕਿ ਘਰ ਵਿੱਚ ਰਹਿਣ ਵਾਲਿਆਂ ਨੂੰ ਆਪਣੀ ਆਮਦਨ ਦਾ 30% ਤੋਂ ਵੱਧ ਹਿੱਸਾ ਕਿਰਾਏ `ਤੇ ਨਾ ਖਰਚਣਾ ਪਵੇ।

ਜਿਵੇਂ ਜਿਵੇਂ ਆਉਣ ਵਾਲੇ ਸਾਲਾਂ ਦੌਰਾਨ ਬੀ ਸੀ ਬਿਲਡਜ਼ ਦੇ ਪ੍ਰੋਜੈਕਟ ਮੁਕੰਮਲ ਹੋਣਗੇ, ਕਿਰਾਏ ਲਈ ਮੌਕਿਆਂ ਦਾ ਪ੍ਰਬੰਧ ਬਿਲਡਿੰਗਾਂ ਨੂੰ ਚਲਾਉਣ ਵਾਲੇ ਨਾਨ-ਪਰਾਫਿਟ ਅਤੇ ਪ੍ਰਾਈਵੇਟ ਡਿਵੈਲਪਰਾਂ ਵਲੋਂ ਕੀਤੇ ਜਾਣਗੇ। ਆਪਣੇ ਪਹਿਲੇ ਕਿਰਾਏਦਾਰਾਂ ਦੀਆਂ ਅਰਜ਼ੀਆਂ ਲੈ ਰਹੇ ਮੁਕੰਮਲ ਹੋਏ ਪ੍ਰੋਜੈਕਟਾਂ ਦੀ ਸੂਚੀ ਬੀ ਸੀ ਬਿਲਡਜ਼ ਦੇ ਵੈੱਬਸਾਈਟ `ਤੇ ਦਿੱਤੀ ਜਾਵੇਗੀ।

ਬੀ ਸੀ ਬਿਲਡਜ਼ ਦੇ ਪਹਿਲੇ ਪ੍ਰੋਜੈਕਟਾਂ ਦੀ ਉਸਾਰੀ 2024 ਵਿੱਚ ਸ਼ੁਰੂ ਹੋਵੇਗੀ ਅਤੇ ਉਹ 2026 ਵਿੱਚ ਰਹਿਣ ਵਾਲਿਆਂ ਦਾ ਸਵਾਗਤ ਕਰਨ ਲਈ ਤਿਆਰ ਹੋਣਗੇ।

BC Builds
homes for people

### ਬੀ ਸੀ ਬਿਲਡਜ਼ ਦਾ ਕਿਰਾਏ ਦੇ ਘਰਾਂ ਦੀ ਸਪਲਾਈ ਦਾ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ

ਘਰਾਂ ਦੇ ਡਿਵੈਲਪਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਨਾਲ ਨਾਲ, ਬੀ ਸੀ ਬਿਲਡਜ਼ ਹੇਠ ਲਿਖੇ ਢੰਗਾਂ ਨਾਲ ਸਰਕਾਰ, ਨਾਨ-ਪਰਾਫਿਟ

ਅਤੇ ਕਮਿਊਨਿਟੀ ਦੀ ਮਲਕੀਅਤ ਵਾਲੀ ਘਰ ਬਣਾਉਣ ਲਈ ਜ਼ਮੀਨ ਵਿੱਚ ਵਾਧਾ ਕਰੇਗਾ:

1. **ਡਿਵੈਲਪਮੈਂਟ ਲਈ ਘੱਟ-ਲਾਗਤ ਵਾਲੀ ਜ਼ਮੀਨ ਦੀ ਪਛਾਣ ਕਰਕੇ:**

ਇਕ ਸਮਰਪਤ ਟੀਮ ਉਹਨਾਂ ਘੱਟ ਵਰਤੋਂ ਵਾਲੀਆਂ ਪ੍ਰਾਪਰਟੀਆਂ ਦੀ ਪਛਾਣ ਕਰਨ ਲਈ ਸਰਕਾਰ, ਨਾਨ-ਪਰਾਫਿਟ ਅਤੇ ਕਮਿਊਨਿਟੀ ਵਿਚਲੇ ਜ਼ਮੀਨ ਦੇ ਮਾਲਕਾਂ (ਲੈਂਡਓਨਰਜ਼) ਨਾਲ ਮਿਲ ਕੇ ਕੰਮ ਕਰ ਰਹੀ ਹੈ, ਜਿਹੜੀਆਂ ਪ੍ਰਾਪਰਟੀਆਂ ਨੂੰ ਕਿਰਾਏ ਵਾਲੇ ਘਰਾਂ ਲਈ ਡਿਵੈਲਪ ਜਾਂ ਦੋਬਾਰਾ ਡਿਵੈਲਪ ਕੀਤਾ ਜਾ ਸਕਦਾ ਹੈ। ਜ਼ਮੀਨ ਦੇ ਮਾਲਕਾਂ ਵਿੱਚ ਮਿਊਂਸਪੈਲਟੀਆਂ, ਫਸਟ ਨੇਸ਼ਨਜ਼ (ਰਿਜ਼ਰਵ ਦੀਆਂ ਜ਼ਮੀਨਾਂ ਦੇ ਉੱਤੇ ਜਾਂ ਉਹਨਾਂ ਤੋਂ ਬਾਹਰ), ਫੈਡਰਲ ਸਰਕਾਰ, ਸੂਬਾਈ ਸਰਕਾਰ (ਸਕੂਲ ਜ਼ਿਲਿਆਂ ਅਤੇ ਹੈਲਥ ਅਥਾਰਟੀਆਂ ਸਮੇਤ), ਵਿਸ਼ਵਾਸ ਆਧਾਰਿਤ ਗਰੁੱਪ, ਲੀਜਨ, ਪ੍ਰਾਈਵੇਟ ਮਾਲਕ ਅਤੇ ਹੋਰ ਮਾਲਕ ਸ਼ਾਮਲ ਹੋ ਸਕਦੇ ਹਨ।

ਇਕ ਵਾਰ ਪ੍ਰਾਪਰਟੀਆਂ ਦੀ ਪਛਾਣ ਹੋਣ ਬਾਅਦ, ਬੀ ਸੀ ਬਿਲਡਜ਼ ਦੀ ਟੀਮ ਘੱਟ ਲਾਗਤ `ਤੇ ਜ਼ਮੀਨ ਲੈਣ ਅਤੇ ਪ੍ਰਵਾਨਗੀ ਲੈਣ ਲਈ ਜ਼ਮੀਨ ਦੇ ਮਾਲਕ (ਲੈਂਡਓਨਰ) ਅਤੇ ਸੰਬੰਧਿਤ ਸਥਾਨਕ ਸਰਕਾਰ ਨਾਲ ਮਿਲ ਕੇ ਕੰਮ ਕਰਦੀ ਹੈ। ਜ਼ਮੀਨ ਦੇ ਮਾਲਕ ਡਿਵੈਲਮੈਂਟ ਵਿੱਚ ਆਪਣਾ ਭਾਈਵਾਲ ਆਪਣੇ ਆਪ ਜਾਂ ਬੀ ਸੀ ਬਿਲਡਜ਼ ਰਾਹੀ ਲੱਭ ਸਕਦੇ ਹਨ।

2. **ਜ਼ਮੀਨ ਦੇ ਮਾਲਕਾਂ, ਰਿਹਾਇਸ਼ੀ ਡਿਵੈਲਪਰਾਂ ਨੂੰ ਇਕੱਠੇ ਕਰਕੇ ਅਤੇ ਪ੍ਰੋਜੈਕਟ ਨੂੰ ਡਿਵੈਲਪ ਕਰਨ ਲਈ ਲੱਗਣ ਵਾਲੇ ਸਮੇਂ ਵਿੱਚ ਤੇਜ਼ੀ ਲਿਆ ਕੇ**

ਬੀ ਸੀ ਬਿਲਡਜ਼ ਨਾਲ ਪ੍ਰਾਪਰਟੀਆਂ ਲਿਸਟ ਹੋਣ ਤੋਂ ਬਾਅਦ, ਨਾਨ-ਪਰਾਫਿਟ, ਫਸਟ ਨੇਸ਼ਨਜ਼ ਅਤੇ ਪ੍ਰਾਈਵੇਟ ਡਿਵੈਲਪਰ ਅਤੇ ਹਾਊਸਿੰਗ ਉਪਰੇਟਰਾਂ ਨੂੰ ਡਿਵੈਲਪਮੈਂਟ ਵਾਲੀਆਂ ਥਾਂਵਾਂ ਲਈ ਪ੍ਰਾਪਰਟੀ ਉਪਰਚਿਊਨਟੀ ਨੋਟਿਸ ਫਾਰ ਡਿਵੈਲਪਮੈਂਟ ਨੂੰ ਰਿਵੀਊ ਕਰਨ ਅਤੇ ਉਸ ਥਾਂ `ਤੇ ਕਿਰਾਏ ਲਈ ਘਰ ਡਿਵੈਲਪ ਅਤੇ/ਜਾਂ ਉਪਰੇਟ ਕਰਨ ਦਾ ਪ੍ਰਸਤਾਵ (ਪਰਪੋਜ਼ਲ) ਦਾਖਲ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਬੀ ਸੀ ਬਿਲਡਜ ਤਿੰਨ ਤੋਂ ਪੰਜ ਸਾਲਾਂ ਦੇ ਆਮ ਲੱਗਣ ਵਾਲੇ ਸਮੇਂ ਦੀ ਥਾਂ 12-18 ਮਹੀਨਿਆਂ ਵਿੱਚ ਪ੍ਰੋਜੈਕਟਾਂ ਨੂੰ ਉਸਾਰਨ ਦੇ ਖਿਆਲ ਤੋਂ ਲੈ ਕੇ ਉਸਾਰੀ (ਕਨਸੈਪਟ ਟੂ ਕੰਨਸਟ੍ਰਕਸ਼ਨ) ਤੱਕ  ਮੂਵ ਕਰ ਦਿੰਦਾ ਹੈ। ਇਹ ਤੇਜ਼ੀ ਮਿਊਂਸਪਲ ਪੱਧਰ `ਤੇ ਡਿਵੈਲਪਮੈਂਟ ਦੇ ਅਮਲ ਨੂੰ ਸਰਲ (ਸਟਰੀਮਲਾਈਨ) ਕਰਨ ਅਤੇ ਬੀ ਸੀ ਬਿਲਡਜ਼ ਦੀ ਟੀਮ ਵਲੋਂ ਪ੍ਰੋਜੈਕਟ `ਤੇ ਕੰਮ ਕਰਨ ਅਤੇ ਕਿਸੇ ਵੀ ਕਿਸਮ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਜ਼ਮੀਨ ਮਾਲਕਾਂ (ਲੈਂਡਓਨਰਜ਼), ਮਿਊਂਸਪੈਲਟੀਆਂ, ਅਤੇ ਰਿਹਾਇਸ਼ੀ ਮਕਾਨਾਂ ਦੇ ਡਿਵੈਲਪਰਾਂ ਨਾਲ ਮਿਲ ਕੇ ਕੰਮ ਕਰਨ ਕਾਰਨ ਹਾਸਲ ਹੁੰਦੀ ਹੈ।

ਬੀ ਸੀ ਬਿਲਡਜ਼ ਜ਼ਮੀਨ ਦੇ ਮਾਲਕਾਂ ਅਤੇ ਰਿਹਾਇਸ਼ੀ ਮਕਾਨਾਂ ਦੇ ਡਿਵੈਲਪਰਾਂ ਵਿੱਚਕਾਰ ਭਾਈਵਾਲੀ ਦੇ ਇਕਰਾਰਨਾਮੇ ਅਤੇ ਲੀਜ਼ ਦੀਆਂ ਸ਼ਰਤਾਂ ਦੇ ਸੰਬੰਧ ਵਿੱਚ ਮਦਦ ਵੀ ਕਰਦਾ ਹੈ ਅਤੇ ਪ੍ਰਸਤਾਵਾਂ (ਪਰਪੋਜ਼ਲਾਂ) ਦੇ ਮੁੱਲਾਂਕਣ ਦੇ ਸਮਰਥਨ ਵਿੱਚ ਮਦਦ ਕਰਦਾ ਹੈ।

ਬੀ ਸੀ ਬਿਲਡਜ਼ ਅਜਿਹੇ ਸੰਭਾਵੀ ਭਾਈਵਾਲਾਂ ਲਈ ਡਿਵੈਲਮੈਂਟ ਤੋਂ ਪਹਿਲਾਂ ਲਈ ਕਰਜ਼ੇ ਉਪਲਬਧ ਕਰਵਾ ਸਕਦਾ ਹੈ, ਜਿਹਨਾਂ ਭਾਈਵਾਲਾਂ ਕੋਲ ਜ਼ਮੀਨ ਅਤੇ ਮੁੱਢਲੇ ਪੜਾਂਅ ਦਾ ਸੰਕਲਪ ਤਾਂ ਹੈ ਪਰ ਉਹਨਾਂ ਨੂੰ ਆਪਣੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਵਿੱਤੀ ਸਹਾਇਤਾ ਦੀ ਲੋੜ ਹੈ।

3. **ਘੱਟ ਵਿਆਜ਼ `ਤੇ ਕਰਜ਼ੇ ਅਤੇ ਗਰਾਂਟਾਂ ਦੇ ਕੇ**

ਬੀ ਸੀ ਬਿਲਡਜ਼ ਕਿਰਾਏ ਲਈ ਨਵੀਂਆਂ ਡਿਵੈਲਪਮੈਂਟਾਂ ਲਈ ਘੱਟ ਵਿਆਜ਼ `ਤੇ ਕਰਜ਼ੇ ਦਿੰਦਾ ਹੈ। ਲੋੜ ਅਨੁਸਾਰ, ਬੀ ਸੀ ਬਿਲਡਜ਼ ਨਾਨ-ਪਰਾਫਿਟ ਅਤੇ ਫਸਟ ਨੇਸ਼ਨਾਂ ਦੀਆਂ ਡਿਵੈਲਪਮੈਂਟ ਕਾਰਪੋਰੇਸ਼ਨਾਂ ਨੂੰ ਗ੍ਰਾਂਟ ਦਿੰਦਾ ਹੈ, ਤਾਂ ਕਿ ਯੂਨਿਟਾਂ ਵਿੱਚੋਂ 20% ਯੂਨਿਟ ਮਾਰਕੀਟ  ਤੋਂ 20% ਘੱਟ ਦੇ ਹੋਣ। ਇਸ ਸਿੱਧੀ ਇਨਵੈਸਟਮੈਂਟ (ਪੂੰਜੀ ਨਿਵੇਸ਼) ਦਾ ਮਤਲਬ ਹੈ ਕਿ ਬੀ ਸੀ ਬਿਲਡਜ਼ ਦੀਆਂ ਬਿਲਡਿੰਗਾਂ ਸਰਕਾਰ ਵਲੋਂ ਲਗਾਤਾਰ ਸਬਸਿਡੀ ਦੇਣ ਦੀ ਲੋੜ ਤੋਂ ਬਿਨਾਂ ਚੱਲਣਗੀਆਂ।

ਕੰਨਸਟ੍ਰਕਸ਼ਨ ਲਈ ਘੱਟ ਲਾਗਤ `ਤੇ ਫੰਡ ਉਪਲਬਧ ਕਰਾਉਣ ਲਈ ਸੂਬਾਈ ਫੰਡਾਂ ਵਿੱਚ ਕੁੱਲ 2 ਬਿਲੀਅਨ ਡਾਲਰ ਬੀ ਸੀ ਬਿਲਡਜ਼ ਨੂੰ ਦਿੱਤੇ ਜਾਣਗੇ।

ਬੀ ਸੀ ਦੀ ਸਰਕਾਰ 2027 ਤੱਕ ਬੀ ਸੀ ਬਿਲਡਜ਼ ਲਈ 950 ਮਿਲੀਅਨ ਡਾਲਰ ਦੇ ਰਹੀ ਹੈ।

**ਕਿਰਪਾ ਕਰਕੇ ਹੋਰ ਜਾਣਕਾਰੀ ਲਈ, bcbuildshomes.ca `ਤੇ ਜਾਉ।**